## ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

ਸਮਾਣਾ, 5 ਜਨਵਰੀ (ਸਾਹਿਬ ਸਿੰਘ)- ਪ੍ਰੋਫੈਸਰ ਬੰਡੂਗਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮੌਕੇ ਗਿਆਨ ਅੰਜਨੁ ਪਬਲਿਕ ਸਕੂਲ ਸਮਾਣਾ ਵਿਖੇ ਕਰਵਾਏ ਧਾਰਮਿਕ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਸਮਾਗਮ ਦੌਰਾਨ ਪ੍ਰੋਫੈਸਰ ਬੰਡੂਗਰ ਨੂੰ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦਾ ਚੇਅਰਮੈਨ ਬਣਾਏ ਜਾਣ ਦੀ ਖੁਸ਼ੀ ਵਿੱਚ ਸਨਮਾਨਤ ਕੀਤਾ ਗਿਆ। ਪ੍ਰਕਾਸ਼ ਉਤਸਵ ਨੂੰ ਮਨਾਉਂਦਿਆਂ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤੇ ਅਤੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਵੀ ਪਾਏ ਗਏ। ਵਿਦਿਆਰਥਣ ਅਮਨਪ੍ਰੀਤ ਕੌਰ ਅਤੇ ਗਗਨਦੀਪ ਕੌਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਵੇਕਲੀ ਤੇ ਉੱਚੀ ਸਖਸ਼ੀਅਤ ਬਾਰੇ ਚਾਨਣਾ ਪਾਇਆ। ਸਟੇਜ ਦੀ ਭੂਮਿਕਾ ਅਧਿਆਪਕਾ ਪ੍ਰਭਜੋਤ ਕੌਰ ਅਤੇ ਅਮਨਦੀਪ ਕੌਰ ਨੇ ਨਿਭਾਈ। ਇਸ ਮੌਕੇ ਸਕੂਲ ਕਮੇਟੀ ਦੇ ਪ੍ਰਧਾਨ ਸ. ਕੁਲਵੰਤ ਸਿੰਘ ਐਡਵੋਕੇਟ, ਪ੍ਰਬੰਧਕ ਸੂਬੇਦਾਰ ਜਗਦੇਵ ਸਿੰਘ ਮੈਂਬਰ ਭਾਈ ਹਰਬੰਸ ਸਿੰਘ ਸਮਾਣਾ, ਸਾਹਿਬ ਸਿੰਘ ਐਡਵੋਕੇਟ, ਅਕਾਲੀ ਆਗੂ ਗੋਪਾਲ ਸ਼ਰਮਾ ਗੁਰਚਰਨ ਸਿੰਘ ਵੜੈਂਚਾਂ, ਜਸਵਿੰਦਰ ਸਿੰਘ ਕਾਹਨਗੜ੍ਹ , ਸੰਤੋਖ ਸਿੰਘ ਭਿੰਡਰ, ਮਾਸਟਰ ਜਸਬੀਰ ਸਿੰਘ, ਹੀਰਾ ਸਿੰਘ ਕੋਮਲ, ਮੈਡਮ ਅੰਜੂ, ਨੀਸ਼ਾ, ਪ੍ਰਭਜੋਤ ਕੌਰ ਜੋਤੀ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।

## ਗਰੀਬਾਂ ਦਾ ਮੁਫ਼ਤ ਇਲਾਜ ਕਰਨ ਵਾਲੀਆਂ ਸੰਸਥਾਵਾਂ ਨੂੰ ਮਿਲੇਗੀ ਪਟੇ 'ਤੇ ਜ਼ਮੀਨ

ਚੰਡੀਗੜ੍ਹ, 5 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ 'ਚ ਸਿਹਤ ਸਹੂਲਤਾਂ ਦੇਣ ਵਾਲੀਆਂ ਗੈਰ ਸਰਕਾਰੀ ਸੰਸਥਾਵਾਂ ਲਈ ਸਰਕਾਰ ਨੇ ਇੱਕ ਚੰਗੀ ਖਬਰ ਦਿੰਦਿਆਂ ਫੈਸਲਾ ਕੀਤਾ ਹੈ ਕਿ ਅਜਿਹੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਸਰਕਾਰ ਪੱਟੇ 'ਤੇ ਜ਼ਮੀਨ ਉਪਲੱਬਧ ਕਰਵਾਏਗੀ। ਜੋ ਤਿੰਨ ਸਾਲ ਤੋਂ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ। ਸਿਹਤ ਵਿਭਾਗ ਦੇ ਸੂਤਰਾਂ ਅਨੁਸਾਰ ਜਿਨ੍ਹਾਂ ਸੰਸਥਾਵਾਂ ਨੂੰ ਜ਼ਮੀਨ ਉਪਲੱਬਧ ਕਰਾਈ ਜਾਵੇਗਾ, ਉਨ੍ਹਾਂ ਨਾਲ ਇਹ ਵੀ ਲਿਖਤੀ ਸਮਝੌਤਾ ਕੀਤਾ ਜਾਵੇਗਾ ਕਿ ਉਹ ਗਰੀਬ ਮਰੀਜ਼ਾਂ ਨੂੰ ਮੁਫ਼ਤ ਇਲਾਜ ਮੁਹੱਈਆ ਕਰਵਾਉਣ। ਉਨ੍ਹਾਂ ਦੱਸਿਆ ਕਿ ਪੱਟਾ 90 ਸਾਲ ਲਈ ਕੀਤਾ ਜਾਵੇਗਾ। ਜ਼ਮੀਨ ਪੁੱਡਾ ਵੱਲੋਂ ਉਪਲਬੱਧ ਕਰਾਈ ਜਾਵੇਗੀ ਤੇ ਜ਼ਮੀਨ ਲੈਣ ਲਈ ਪੁੱਡਾ ਕੋਲ ਹੀ ਅਰਜ਼ੀਆਂ ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਜ਼ਿਲ੍ਹਿਆਂ 'ਚ ਸੰਸਥਾਵਾਂ ਨੂੰ ਜ਼ਮੀਨ ਉਪਲਬੱਧ ਕਰਾਈ ਜਾਵੇਗੀ।

## ਯੂਥ ਆਰਗੇਨਾਈਜੇਸ਼ਨ ਵੱਲੋਂ 20 ਕੈਂਪਾਂ ਦੀ ਲੜੀ ਦਾ ਪਹਿਲਾ ਕੈਂਪ ਸ਼ੁਰੂ

ਮੌੜ ਮੰਡੀ, 5 ਜਨਵਰੀ (ਸ਼ਾਮ ਲਾਲ ਜੋਧਪੁਰੀਆ)-ਯੂਥ ਆਰਗੇਨਾਈਜੇਸ਼ਨ ਪੰਜਾਬ ਵੱਲੋਂ ਅੱਖਾਂ ਦੇ 20 ਚੈੱਕਅਪ ਕੈਂਪਾਂ ਦੀ ਲੜੀ ਤਹਿਤ ਪਹਿਲਾ ਕੈਂਪ ਪਿੰਡ ਚਨਾਰਥਲ ਦੇ ਯੁਵਕ ਭਲਾਈ ਕਲੱਬ ਅਤੇ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਭਗਤਾ ਭਾਈਕਾ ਦੀ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ ਜੋ ਡਾ. ਕਿਰਨ ਕੱਕੜ ਦੀ ਅਗਵਾਈ ਹੇਠ ਸੀ। ਇਸ ਕੈਂਪ ਦਾ ਉਦਘਾਟਨ ਆਰਗੇਨਾਈਜੇਸ਼ਨ ਪ੍ਰਧਾਨ ਜਸਵੀਰ ਸਿੰਘ ਗਰੇਵਾਲ ਵੱਲੋਂ ਕੀਤਾ ਗਿਆ। ਇਸ ਕੈਂਪ ਵਿਚ ਤਕਰੀਬਨ 250 ਦੇ ਲਗਭਗ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਮੌਕੇ ਡਾ. ਕਿਰਨ ਕੱਕੜ ਨੇ ਕਿਹਾ ਕਿ ਸਾਨੂੰ ਸਮੇਂ-ਸਮੇਂ ਸਿਰ ਅੱਖਾਂ ਦਾ ਚੈੱਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜਸਵੀਰ ਸਿੰਘ ਨੇ ਕਿਹਾ ਕਿ 20 ਕੈਂਪਾਂ ਤੋਂ ਬਾਅਦ ਬਲਾਕ ਪੱਧਰ 'ਤੇ ਇਕ ਵੱਡਾ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਕਾਰਜਕਾਰੀ ਪ੍ਰਧਾਨ ਭੋਲਾ ਸਿੰਘ, ਸਕੱਤਰ ਹਰਯੋਧ ਸਿੰਘ, ਜਗਦੇਵ ਸਿੰਘ ਅਤੇ ਮੇਹਰ ਸਿੰਘ ਆਦਿ ਮੌਜੂਦ ਸਨ।

## ਕੱਸੋਆਣਾ ਵਿਖੇ ਪੈਨਸ਼ਨਾਂ ਵੰਡੀਆ

ਜ਼ੀਰਾ, 5 ਜਨਵਰੀ , ( ਸੁਖਪਾਲ ਸਿੰਘ ਗਿੱਲ / ਖੁਰਾਣਾਂ / ਰਾਜ ਧਮੀਜ਼ਾ ) ਜੀਰਾ ਤਹਿਸੀਲ ਦੇ ਪਿੰਡ ਕੱਸੋਆਣਾ ਵਿੱਖੇ ਲੋੜਵੰਦਾਂ ਨੂੰ ਪਿੰਡ ਦੀ ਪੰਚਾਇਤ ਵੱਲੋ ਪੈਨਸ਼ਨਾਂ ਵੰਡੀਆ ਗਈਆ । ਹਰਦੇਵ ਸਿੰਘ ਸਰਪੰਚ ਕੱਸੋਆਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਵੱਖ ਲੋੜਵੰਦ ਵਰਗਾਂ ਦਾ ਖਾਸਾ ਧਿਆਨ ਰੱਖਿਆਂ ਜਾਂਦਾ ਹੈ । ਉਹਨਾਂ ਅੱਗੇ ਕਿਹਾ ਕਿ ਸ੍ਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਵੱਲੋ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪੰਜਾਬ ਦੀ ਜਨਤਾ ਨੂੰ ਕਈ ਤਰ੍ਹਾਂ ਦੀਆ ਸਹੂਲਤਾਂ ਦਿੱਤੀਆ ਜਾ ਰਹੀਆ ਹਨ । ਪਿੰਡ ਕੱਸੋਆਣਾ ਵਿਖੇ 174 ਬੁਢਾਪਾ ਪੈਨਸ਼ਨਾਂ, 20 ਵਿਧਵਾਵਾਂ ਨੂੰ ਅਤੇ 17 ਅੰਗਹੀਣਾਂ ਨੂੰ ਪੈਨਸ਼ਨਾਂ ਵੰਡੀਆ ਗਈਆ । ਇਸ ਸਮੇ ਪਿੰਡ ਦੀ ਪੰਚਾਇਤ ਵਿੱਚ ਹਰਦੇਵ ਸਿੰਘ ਸਰਪੰਚ, ਖਾਨ ਸਿੰਘ ਮੈਬਰ ਪੰਚਾਇਤ, ਗੁਰਿੰਦਰ ਸਿੰਘ ਗੋਲਡੀ ਮੈਬਰ , ਸੁਰਿੰਦਰਪਾਲ ਸਿੰਘ ਨੰਬਰਦਾਰ, ਮਲੀਕਤ ਸਿੰਘ ਥਾਣੇਦਾਰ , ਕਰਨੈਲ ਸਿੰਘ ਡਿਪਟੀ , ਮਹਿੰਦਰ ਮੋਹਨ, ਅਮਰਜੀਤ ਕੋਰ ਆਦਿ ਵਿਸ਼ੇਸ਼ ਤੋਰ ਤੇ ਹਾਜ਼ਰ ਸਨ

## ਸੰਗੀਤਾ ਸ਼ਰਮਾ ਮੀਤ ਪ੍ਰਧਾਨ ਨਿਯੁਕਤ

ਖੰਨਾ, 5 ਜਨਵਰੀ (ਪ.ਪ.) - ਪੰਜਾਬ ਪ੍ਰਦੇਸ਼ ਕਾਂਗਰਸ ਸੇਵਾ ਦਲ ਜ਼ਿਲ੍ਹਾ ਲੁਧਿਆਣਾ ਦੀ ਪ੍ਰਧਾਨ ਸ਼੍ਰੀਮਤੀ ਨਿਸ਼ਾ ਵੱਲੋਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਸ਼੍ਰੀਮਤੀ ਸੰਗੀਤਾ ਸ਼ਰਮਾ ਨੂੰ ਖੰਨਾ ਦੇ ਵਾਰਡ ਨੰਬਰ 12 ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀਮਤੀ ਨਿਸ਼ਾ ਨੇ ਕਿਹਾ ਕਿ ਉਹ ਜਲਦੀ ਹੀ ਖੰਨੇ ਸ਼ਹਿਰ ਅਤੇ ਨਾਲ ਲੱਗਦੇ ਸਾਰੇ ਪਿੰਡਾਂ ਅਤੇ ਲੁਧਿਅਣਾ ਸ਼ਹਿਰ ਵਿੱਚ ਵੱਧ -ਵੱਧ ਮਹਿਲਾਵਾਂ ਨੂੰ ਕਾਂਗਰਸ ਸੇਵਾ ਦਲ ਨਾਲ ਜੋੜ ਕੇ ਪੰਜਾਬ ਕਾਂਗਰਸ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ। ਜਿਸ ਨਾਲ ਪਾਰਟੀ ਆਉਣ ਵਾਲੀਆਂ ਵੋਟਾਂ ਵਿੱਚ ਜਿੱਤ ਪ੍ਰਾਪਤ ਕਰ ਸਕੇ। ਇਸ ਮੌਕੇ 'ਤੇ ਰਵਿੰਦਰ ਸਿੰਘ ਬੱਗਾ ਡਾਇਰੈਕਟਰ ਭਾਰਤ ਸਰਕਾਰ ਹੈਂਡੂਲਮ ਬੋਰਡ ਨੇ ਸੰਗੀਤਾ ਸ਼ਰਮਾ ਨੂੰ ਨਿਯੁਕਤੀ ਪੱਤਰ ਦਿੱਤਾ। ਇਸ ਮੌਕੇ 'ਤੇ ਕੁਲਵੰਤ ਸਿੰਘ ਮੱਲੀ ਸੂਬਾ ਸਕੱਤਰ ਪੰਜਾਬ, ਸ਼ਹਿਨਾਜ ਬੇਗਮ ਸਕੱਤਰ ਬਲਾਕ ਖੰਨਾ, ਅਵਤਾਰ ਸਿੰਘ ਛਿੱਬਰ ਬਲਾਕ ਪ੍ਰਧਾਨ, ਕੁਲਦੀਪ ਕੌਰ ਖੰਨਾ ਪ੍ਰਧਾਨ, ਪਰਮਜੀਤ ਕੌਰ, ਰਾਜ ਸ਼ਰਮਾ ਆਦਿ ਮੌਜੂਦ ਸਨ।

## ਬੱਚਿਆਂ ਨੂੰ ਜਰਸੀਆਂ ਤੇ ਜੁਰਾਬਾਂ ਵੰਡੀਆਂ

ਖਨੌਰੀ, 5 ਜਨਵਰੀ (ਜੋਗਿੰਦਰ ਸਿੰਘ ਚੋਪੜਾ)-ਇੱਥੋਂ ਨਜ਼ਦੀਕ ਪੈਂਦੇ ਪਿੰਡ ਕੱਢੀ ਖਨੌਰੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਜ਼ਰੂਰਤਮੰਦ ਬੱਚਿਆਂ ਨੂੰ ਜੁਰਾਬਾਂ ਅਤੇ ਜਰਸੀਆਂ ਵੰਡੀਆਂ ਗਈਆਂ। ਸਕੂਲ ਦੇ ਹੈੱਡ ਟੀਚਰ ਮਾ. ਸਤੀਆਵਾਨ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ 'ਚ ਜ਼ਰੂਰਤਮੰਦ ਬੱਚਿਆਂ ਨੂੰ ਉੱਘੇ ਸਮਾਜ ਸੇਵਕ ਸ੍ਰੀ ਜਗਜੀਤ ਸਿੰਘ ਕੈਸ਼ੀਅਰ ਸਾਹਰਾ ਟਰੱਸਟ ਅਤੇ ਪ੍ਰਾਪਰਟੀ ਡੀਲਰ ਨੇ ਆਪਣੇ ਹੱਥਾਂ ਨਾਲ 100 ਜੋੜੇ ਜੁਰਾਬਾਂ ਅਤੇ 10 ਬੱਚਿਆਂ ਨੂੰ ਜਰਸੀਆਂ ਵੰਡੀਆਂ। ਇਸ ਮੌਕੇ ਉਨ੍ਹਾਂ ਦੇ ਨਾਲ ਅਜਮੇਰ ਸਿੰਘ, ਰਾਮ ਸਿੰਘ, ਰੌਣਕੀ ਰਾਮ, ਧਰਮਪਾਲ ਸਿੰਗਲਾ (ਭੋਲਾ), ਰਾਜ ਪਾਲ ਸਿੰਘ ਕੱਚੀ ਖਨੌਰੀ ਸਟੇਜ ਸਕੱਤਰ ਦੀ ਭੂਮਿਕਾ ਮਾ. ਬਲਜੀਤ ਸਿੰਘ ਨੇ ਬਾਖੂਬੀ ਨਿਭਾਈ। ਇਸ ਮੌਕੇ 'ਤੇ ਸਕੂਲ ਦੇ ਟੀਚਰ ਮਨੋਜ ਕੁਮਾਰ ਵੀ ਹਾਜ਼ਰ ਸਨ।



ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਸਬੰਧੀ ਇੰਡਸਟਰੀ ਏਰੀਆ ਵਿਖੇ ਗੁਰਦੁਆਰਾ ਸਿੰਘ ਸਭਾ ਵੱਲੋਂ ਕੱਢਿਆ ਗਏ ਨਗਰ ਕੀਰਤਨ ਵਿੱਚ ਇੰਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਸ. ਬਲਜੀਤ ਸਿੰਘ ਨੀਲਾ ਮਹਿਲ ਦੇ ਨਾਲ ਸ. ਹਰਭਜਨ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਸ. ਮੀਰ ਸਿੰਘ, ਬਲਬੀਰ ਸਿੰਘ ਮਠਾਰੂ, ਹਰਵਿੰਦਰ ਸਿੰਘ ਨਾਗੀ, ਸੁਖਜੀਤ ਸਿੰਘ, ਮੋਹਣ ਸਿੰਘ, ਗੁਲਜਾਰ ਸਿੰਘ ਸੌਹਲ, ਫਲਵੰਤ ਸਿੰਘ, ਕੁਲਜੀਤ ਸਿੰਘ, ਸ. ਨਰਿੰਦਰ ਸਿੰਘ ਜਗਦੇਵ, ਸੋਹਣ ਸਿੰਘ, ਸੈਣੀ ਗੁਰਦੁਆਰਾ ਕਮੇਟੀ ਮੈਂਬਰ ਖੜੇ ਦਿਖਾਈ ਦੇ ਰਹੇ ਹਨ। ਫੋਟੋ-ਕੁਲਦੀਪ ਸਿੰਘ

## ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

*ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।*

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

## ਮੂਲ ਭਾਰਤੀ ਸਮਾਜ ਨੂੰ ਧਾਰਮਿਕ ਅਜ਼ਾਦੀ ਲੈਣ ਲਈ ਬੌਧਿਕ ਪੱਧਰ 'ਤੇ ਤਿਆਰ ਹੋਣਾ ਪਵੇਗਾ-ਸਤੀਸ਼ ਭਾਰਤੀ

ਆਦਮਪੁਰ, ਜਲੰਧਰ, 5 ਜਨਵਰੀ (ਆਵਾਜ਼ ਬਿਊਰੋ)-ਭਾਰਤ ਵਿੱਚ ਵੱਖ-ਵੱਖ ਧਰਮਾਂ ਵਿੱਚ ਜਾਤੀ ਦੇ ਤੌਰ 'ਤੇ ਅਪਮਾਨਤ ਹੋ ਰਹੇ ਲੋਕ ਅਸਲ ਵਿੱਚ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਪ੍ਰੰਤੂ ਆਪਣੇ ਹੀ ਦੇਸ਼ ਵਿੱਚ ਇਹ ਪੰਚਾਸੀ ਫੀਸਦੀ ਮੂਲ ਭਾਰਤੀ ਵੱਖ-ਵੱਖ ਵਰਗਾਂ ਵਿੱਚ ਵੰਡ ਹੋ ਕੇ ਧਾਰਮਿਕ ਤੌਰ 'ਤੇ ਦੂਜਿਆਂ ਦਾ ਗੁਲਾਮ ਬਣੀ ਬੈਠੇ ਹਨ। ਇਸ ਦੇਸ਼ ਦੇ 'ਮੂਲ ਭਾਰਤੀ ਸਮਾਜ' ਨੂੰ ਧਾਰਮਿਕ ਅਜ਼ਾਦੀ ਲੈਣ ਲਈ ਬੌਧਿਕ ਪੱਧਰ 'ਤੇ ਤਿਆਰ ਹੋਣਾ ਪਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਦੇ ਕਨਵੀਨਰ ਸ੍ਰੀ ਸਤੀਸ਼ ਕੁਮਾਰ ਭਾਰਤੀ ਨੇ ਆਦਮਪੁਰ ਵਿਖੇ ਇਲਾਕੇ ਦੀਆਂ ਗੁਰੂ ਰਵਿਦਾਸ ਸਭਾਵਾਂ ਦੀ ਹੋਈ ਮੀਟਿੰਗ ਵਿੱਚ ਬੋਲਦਿਆਂ ਆਖੇ। "ਮੂਲ ਭਾਰਤੀ ਸਮਾਜ"ਦੀ ਹਰ ਤਰ੍ਹਾਂ ਦੀ ਗੁਲਾਮੀ ਦੀ ਜੜ੍ਹ ਧਾਰਮਿਕ ਗੁਲਾਮੀ ਤੋਂ ਸ਼ੁਰੂ ਹੁੰਦੀ ਹੈ। ਅਗਰ ਇਨ੍ਹਾਂ ਵਰਗਾਂ ਨੂੰ ਧਾਰਮਿਕ ਅਜ਼ਾਦੀ ਮਿਲ ਜਾਂਦੀ ਹੈ। ਬਾਕੀ ਖੇਤਰਾਂ ਦੀ ਗੁਲਾਮੀ ਆਪਣੇ-ਆਪ ਖਤਮ ਹੋ ਜਾਵੇਗੀ, ਇਸ ਲਈ ਸਭ ਤੋਂ ਪਹਿਲਾਂ ਧਾਰਮਿਕ ਗੁਲਾਮੀ ਨੂੰ ਖਤਮ ਕਰਨ ਲਈ ਮੁਹਿੰਮ ਛੇੜਨ ਦੀ ਲੋੜ ਹੈ। ਇਸ ਮੀਟਿੰਗ ਨੂੰ ਸ੍ਰੀ ਸਤੀਸ਼ ਭਾਰਤੀ ਤੋਂ ਇਲਾਵਾ ਸੋਹਣ ਲਾਲ ਜੱਸੀ, ਰਾਜਿੰਦਰ ਰਾਣਾ, ਕਿਸ਼ਨ ਦੇਸ ਮਹੇ, ਬਾਲ ਮੁਕੰਦ ਪਾਲ, ਗੁਰਮੀਤ ਸਿੰਘ, ਡਾ. ਮੁਕੇਸ਼ ਕੁਮਾਰ ਰਾਜ ਕੁਮਾਰ, ਕੋਟਲੀ ਅਰਾਈਆਂ। ਬੀਬੀ ਰੇਸ਼ਮ ਕੌਰ ਤੇ ਬੀਬੀ ਗੁਰਦੇਵ ਕੌਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੀਟਿੰਗ ਵਿੱਚ ਤਾਰਾ ਸਿੰਘ ਬੈਂਸ ਐੱਮ.ਸੀ. ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਬਲਵਿੰਦਰ ਸਿੰਘ ਕੋਟਲਾ, ਸਤੀਸ਼ ਕੁਮਾਰ ਤਲਵੰਡੀ ਅਰਾਈਆਂ, ਦੇਵ ਰਾਜ ਉਦੇਸ਼ੀਆਂ, ਰਮੇਸ਼ ਕੁਮਾਰ ਰਾਮਦਾਸਪੁਰ, ਕੈਪਟਨ ਰਾਮ ਸਿੰਘ, ਰਾਮ ਨਗਰ ਤੇ ਦਿਲਬਾਗ ਬੱਗਾ ਨੇ ਵੀ ਹਿੱਸਾ ਲਿਆ।

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਮੌੜ ਮੰਡੀ 5 ਦਸੰਬਰ (ਸ਼ਾਮ ਲਾਲ ਜੋਧਪੁਰੀਆ) :- ਖਾਲਸਾ ਦਿਵਾਨ ਗੁਰੂਦੁਆਰਾ ਸਾਹਿਬ ਮੌੜ ਮੰਡੀ ਵੱਲੋਂ ਦਸਵੇਂ ਸਿੱਖ ਗੁਰੂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 344ਵੇਂ ਆਗਮਨ ਪੂਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਅਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਛਤਰ ਛਾਇਆ ਹੇਠ ਅਥਾਹ ਸ਼ਰਧਾ ਅਤੇ ਉਤਸਾਹ ਸਹਿਤ ਸਜਾਇਆ ਗਿਆ ਸੁਨਿਹਰੀ ਪਾਲਕੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਜਾਇਆ ਗਿਆ । ਇਹ ਨਗਰ ਕੀਰਤਨ ਮੇਨ ਬਜਾਰ ਤੋਂ ਹੁੰਦਾ ਹੋਇਆ ਹਸਪਤਾਲ ਰੋਡ, ਦਸਮੇਸ਼ ਨਗਰ, ਪਿੰਡ ਮੌੜ ਕਲਾਂ ਗੁਰੂਦੁਆਰਾ ਸਾਹਿਬ ਵਿਖੇ ਪਹੁੰਚਿਆ । ਇਸ ਮੌਕੇ ਤੇ ਰਾਗੀ ਭਾਈ ਜਸਵਿੰਦਰ ਸਿੰਘ ਨੇ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਤੇ ਫੌਜੀ ਬੈਂਡ ਬਾਜਾ ਪਾਰਟੀ ਨੇ ਆਪਣੇ ਜੌਹਰ ਦਿਖਾਏ, ਅਤੇ ਸ਼ਹਿਰ ਨਿਵਾਸੀਆਂ ਵੱਲੋਂ ਪਟਾਕੇ ਚਲਾਏ ਗਏ ਗੁਰੂਦੁਆਰਾ ਸਾਹਿਬ ਵਿਚੱ ਦੀਪਮਾਲਾ ਕੀਤੀ ਗਈ ਅਤੇ ਸੰਗਤਾਂ ਲਈ ਥਾਂ ਥਾਂ ਤੇ ਚਾਹ ਪਕੋੜਿਆਂ ਦੇ ਲੰਗਰ ਲਗਾਏ ਗਏ । ਇਸ ਮੌਕੇ ਤੇ ਬੀਬੀ ਅਮਰਜੀਤ ਕੌਰ, ਕੁਲਵੰਤ ਕੌਰ, ਰਾਮ ਸਿੰਘ ਸਕੱਤਰ, ਹਰਦੀਪ ਸਿੰਘ ਲੈਕਚਰਾਰ, ਹਰਬੰਸ ਸਿੰਘ ਨੰਬਰਦਾਰ, ਭਾਈ ਸ਼ਾਮ ਸਿੰਘ, ਦਰਸ਼ਨ ਸਿੰਘ ਰੋਮਾਣਾ, ਬਲਵੀਰ ਸਿੰਘ ਕੌਂਚਰ, ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜਿਰ ਸਨ । ਇਸ ਤੋਂ ਇਲਾਵਾ ਖਾਲਸਾ ਹਾਈ ਸਕੂਲ ਅਤੇ ਪ੍ਰਾਇਮਰੀ ਸਕੂਲ ਮੌੜ ਮੰਡੀ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸਵ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ । ਭਾਈ ਬਲਕਰਨ ਸਿੰਘ ਰਾਗੀ ਵੱਲੋਂ ਕੀਰਤਨ ਕੀਤਾ ਗਿਆ, ਅਤੇ ਗੁਰੂ ਜੀ ਦਾ ਲੰਗਰ ਅਤੁੱਟ ਵਰਤਿਆ । ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਸ੍ਰ, ਬੰਤ ਸਿੰਘ, ਮੁੱਖ ਅਧਿਆਪਕ ਹਰਜਿੰਦਰ ਸਿੰਘ, ਗੁਰਬਚਨ ਸਿੰਘ ਬਾਬੇ ਕੇ ਪ੍ਰਧਾਨ ਟਰੱਕ ਯੂਨੀਅਨ ਮੌੜ, ਭੁਪਿੰਦਰ ਸਿੰਘ ਮਾਨ, ਜਗਿੰਦਰ ਸਿੰਘ, ਬਿਕਰ ਸਿੰਘ ਤੋਂ ਬਿਨਾਂ ਭੋਲਾ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਿਰ ਸਨ । ਇਸ ਤੋਂ ਇਲਾਵਾ ਆਸੇ ਪਾਸੇ ਪਿੰਡਾਂ ਵਿੱਚ ਇਹ ਪ੍ਰਕਾਸ਼ ਉਤਸਵ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਗੁਰੂਦੁਆਰਾ ਸਾਹਿਬ ਕੋਟਲੀ ਖੁਰਦ ਵਿਖੇ ਵੀ ਅਖੰਡ ਪਾਠ ਦੇ ਭੋਗ ਪਾਏ ਗਏ, ਗੁਰੂ ਕਾ ਲੰਗਰ ਵਰਤਾਇਆ ਗਿਆ । ਇਸ ਮੌਕੇ ਤੇ ਜਥੇਦਾਰ ਸਾਧੂ ਸਿੰਘ, ਜਗਸੀਰ ਸ਼ਰਮਾ, ਕੌਰ ਸਿੰਘ, ਬੂਟਾ ਸਿੰਘ ਨੰਬਰਦਾਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਿਰ ਸਨ ।

## ਪਿੰਡ ਰੂੜੇਕੇ ਖੁਰਦ ਵਿਖੇ ਸਵਾਇਨ ਫਲੂ ਦਾ ਸਨਸਨੀਖੇਜ ਪ੍ਰਗਟਾਵਾ



ਤਪਾ ਮੰਡੀ, 5 ਜਨਵਰੀ (ਯਾਦੂ ਭੁੱਲਰ) ਸਬ ਡਵੀਜਨ ਦੇ ਪਿੰਡ ਰੂੜੇਕੇ ਖੁਰਦ ਜਿਹੜਾ ਕਿ ਤਪਾ ਦੇ ਅਧੀਨ ਤੇ ਜ਼ਿਲ੍ਹਾ ਮਾਨਸਾ ਅਤੇ ਬਠਿੰਡਾ ਦੀ ਹੱਦ ਤੇ ਪੈਂਦਾ ਹੈ ਵਿੱਚ ਇੱਕ ਸਵਾਈਨ ਫਲੂ ਦੀ ਬਿਮਾਰੀ ਦਾ ਮਾਮਲਾ ਸਾਹਮਣਾ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਬਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ 42 ਖੰਘ, ਜੁਕਾਮ ਅਤੇ ਸਖਤ ਬੁਖਾਰ ਦਾ ਸਿਕਾਰ ਪਾਇਆ ਗਿਆ ਜਦ ਉਸ ਨੌਜਵਾਨ ਨੂੰ ਰਾਮਪੁਰਾ ਫੂਲ ਦੇ ਇੱਕ ਨਾਮਵਰ ਕਲੀਨਿਕ 'ਚ ਜਾਂਚ ਕਰਵਾਈ ਤਾਂ ਸਬੰਧਤ ਡਾਕਟਰ ਨੇ ਉਸ ਨੂੰ ਪੀ. ਜੀ. ਆਈ. ਚੰਡੀਗੜ੍ਹ ਵਿੱਚ ਚੈੱਕਅਪ ਕਰਵਾਉਣ ਲਈ ਆਖਿਆ। ਵਰਨਯੋਗ ਹੈ ਕਿ ਉਕਤ ਨੌਜਵਾਨ ਸੁਨਾਮ ਦੀ ਅਨਾਜ ਮੰਡੀ ਵਿੱਚ ਝੋਨੇ ਦੀ ਕਿਸਮ 1121 ਵੇਚਣ ਗਿਆ ਸੀ, ਮੰਡੀ ਵਿੱਚ ਹੀ ਉਸ ਨੂੰ ਖੰਘ, ਜੁਕਾਮ ਅਤੇ ਤੇਜ ਬੁਖਾਰ ਹੋਇਆ। ਜਦ ਉਹ ਘਰ ਆਇਆ ਤਾਂ ਤਕਲੀਫ ਵੱਧਣ ਤੇ ਹੀ ਉਸ ਨੂੰ ਡਾਕਟਰਾਂ ਕੋਲ ਜਾਣਾ ਪਿਆ। ਉਕਤ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਪੀ. ਜੀ. ਆਈ. ਦੇ ਡਾਕਟਰਾਂ ਨੇ ਉਕਤ ਨੌਜਵਾਨ ਨੂੰ ਸਵਾਈਨ ਫਲੂ ਹੋਣ ਦਾ ਸਨਸਨੀ ਖੇਜ ਪ੍ਰਗਟਾਵਾ ਕੀਤਾ ਹੈ। ਜਦੋਂ ਪੱਤਰਕਾਰਾਂ ਦੀ ਟੀਮ ਨੇ ਉਨ੍ਹਾਂ ਦੇ ਘਰ ਜਾ ਕੇ ਪੁੱਛਗਿੱਛ ਕੀਤੀ ਤਾਂ ਮੌਕੇ ਤੇ ਹੀ ਕਮਿਊਨਿਟੀ ਹੈਲਥ ਸੈਂਟਰ ਪੱਖੋਕਲਾਂ ਦੀ ਡਾਕਟਰਾਂ ਮੰਜਲਾ ਸ਼ਰਮਾ ਦੀ ਅਗਵਾਈ 'ਚ ਮੈਡੀਕਲ ਸਟਾਫ ਵੀ ਪਹੁੰਚਿਆ ਹੋਇਆ ਸੀ। ਪੱਤਾ ਲੱਗਾ ਹੈ ਕਿ ਉਸ ਟੀਮ ਨੇ ਵੀ ਉਕਤ ਨੌਜਵਾਨ ਦੇ ਪਰਿਵਾਰਿਕ ਮੈਂਬਰਾਂ ਦੇ ਇਲਾਜ ਲਈ ਭੱਜ ਦੌੜ ਕੀਤੀ ਹੈ। ਇਸ ਬਿਮਾਰੀ ਦੇ ਕਾਰਨ ਪਿੰਡ ਰੂੜੇਕੇ ਖੁਰਦ 'ਚ ਦਹਿਸ਼ਤ ਦਾ ਮਾਹੌਲ ਹੈ।

## ਨੰਬਰਦਾਰਾ ਯੂਨੀਅਨ ਜਗਰਾਓਂ ਵੱਲੋਂ ਜਸਵਿੰਦਰ ਭੱਲੇ ਦਾ ਪੁਤਲਾ ਸਾੜਿਆ

ਜਗਰਾਓਂ, 5 ਜਨਵਰੀ (ਵਿਯੋਗ ਜਗਰਾਨਵੀ)-ਸਟੇਜੀ ਕਾਮੇਡੀ ਕਲਾਕਾਰ ਜਸਵਿੰਦਰ ਭੱਲੇ ਵੱਲੋਂ ਆਪਣੀ ਕੈਸਿਟ ਵਿੱਚ, ਨੰਬਰਦਾਰਾਂ ਪ੍ਰਤੀ ਕੀਤੀਆਂ ਗਲਤ ਟਿੱਪਣੀਆਂ ਦੇ ਰੋਸ ਵਜੋਂ ਅੱਜ ਜਗਰਾਓਂ ਇਲਾਕੇ ਦੇ ਨੰਬਰਦਾਰਾਂ ਵੱਲੋਂ ਰੋਹ ਭਰਪੂਰ ਲਹਿਜ਼ੇ ਵਿੱਚ ਜਸਵਿੰਦਰ ਭਲੇ ਦਾ ਪੁਤਲਾ ਸਾੜਿਆ ਗਿਆ ਤੇ ਉਸ ਨੂੰ ਵਾਰਨਿੰਗ ਦਿੱਤੀ ਗਈ ਕਿ ਜੇਕਰ ਉਸ ਨੇ ਮਾਫੀ ਨਾ ਮੰਗੀ ਤੇ ਕੈਸਿਟ ਵਿੱਚੋਂ ਉਕਤ ਟਿੱਪਣੀਆਂ ਨੂੰ ਸਾਫ ਨਾ ਕੀਤਾ ਗਿਆ ਤਾਂ ਫਿਰ ਪੰਜਾਬ ਭਰ ਦੇ ਨੰਬਰਦਾਰ ਭੱਲੇ ਦੇ ਖਿਲਾਫ ਲੜੀਵਾਰ ਪੁਤਲੇ ਫੂਕ, ਮੁਜ਼ਾਹਰੇ ਕਰਨਗੇ ਤੇ ਉਸ ਵਿਰੁੱਧ ਜ਼ੋਰਦਾਰ ਅੰਦੋਲਨ ਵਿੱਢਿਆ ਜਾਵੇਗਾ। ਉਕਤ ਵਿਚਾਰ ਯੂਨੀਅਨ ਦੇ ਪ੍ਰਧਾਨ ਹਰਮਿੰਦਰ ਸਿੰਘ ਸਵੱਦੀ ਵੱਲੋਂ ਪੇਸ਼ ਕੀਤਾ ਗਿਆ।

## ਪਲਸ ਪੋਲੀਓ ਬੂੰਦਾਂ ਪਿਲਾਉਣ ਲਈ ਕੈਂਪ 10 ਨੂੰ

ਜਲੰਧਰ, 5 ਜਨਵਰੀ (ਅਵਾਜ਼ ਬਿਊਰੋ)-ਜਲੰਧਰ ਜ਼ਿਲ੍ਹੇ ਵਿੱਚ 2,93000 ਜ਼ੀਰੋ ਤੋਂ 6 ਸਾਲ ਦੇ ਬੱਚਿਆਂ ਨੂੰ 10 ਜਨਵਰੀ ਅਤੇ 2 ਫਰਵਰੀ ਨੂੰ ਇੱਕ ਵਿਸ਼ੇਸ਼ ਪਲੱਸ ਪੋਲੀਓ ਮੁਹਿੰਮ ਅਧੀਨ ਪੋਲੀਓ ਦੀ ਦਵਾਈ ਪਿਲਾਈ ਜਾਵੇਗੀ। ਇਹ ਜਾਣਕਾਰੀ ਸ੍ਰ. ਅਜੀਤ ਸਿੰਘ ਪੰਨੂੰ ਡਿਪਟੀ ਕਮਿਸ਼ਨਰ ਜਲੰਧਰ ਨੇ ਅੱਜ ਇੱਥੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਮੈਡੀਕਲ ਅਫਸਰਾਂ, ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਪੱਲਸ ਪੋਲੀਓ ਮੁਹਿੰਮ ਸੰਬੰਧੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪਲੱਸ ਪੋਲੀਓ ਦਵਾਈ ਪਿਲਾਉਣ ਵਾਸਤੇ 5500 ਕਰਮਚਾਰੀਆਂ ਦੀ ਡਿਊਟੀ ਲਗਾਈ ਜਾਵੇਗੀ, ਤਾਂ ਜੋ ਇਸ ਦਿਨ ਕੋਈ ਵੀ ਬੱਚਾ ਪੋਲੀਓ ਦੀ ਦਵਾਈ ਪੀਣ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ 10 ਜਨਵਰੀ ਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਖ-ਵੱਖ ਥਾਂਵਾਂ 'ਤੇ ਪੋਲੀਓ ਕੈਂਪ ਲਗਾ ਕੇ ਬੱਚਿਆਂ ਨੂੰ ਇਹ ਦਵਾਈ ਪਿਲਾਈ ਜਾਵੇਗੀ ਅਤੇ ਜਿਹੜੇ ਬੱਚੇ ਦਵਾਈ ਪੀਣ ਤੋਂ ਪਹਿਲੇ ਦਿਨ ਕਿਸੇ ਨਾ ਕਿਸੇ ਕਾਰਨ ਵਾਂਝੇ ਰਹਿੰਦੇ ਹਨ, ਉਨ੍ਹਾਂ ਨੂੰ 11 ਅਤੇ 12 ਜਨਵਰੀ ਨੂੰ ਘਰ-ਘਰ ਜਾ ਕੇ ਉਨ੍ਹਾਂ ਦੀ ਪਹਿਚਾਣ ਕਰਨ ਉਪਰੰਤ ਦਵਾਈ ਪਿਲਾਈ ਜਾਵੇਗੀ। ਇਸ ਮੌਕੇ ਡਾ. ਐੱਸ. ਐੱਸ. ਵਾਲੀਆ ਸਿਵਲ ਸਰਜਨ ਐੱਸ.ਐੱਮ.ਓਦ ਅਤੇ ਹੋਰ ਮੈਡੀਕਲ ਅਫਸਰ ਇਸ ਮੌਕੇ ਤੇ ਹਾਜ਼ਰ ਸਨ।

## ਮੁਕਾਬਲੇ ਵਿੱਚ ਪਾਕਿਸਤਾਨੀ ਸਮਗਲਰ ਮਾਰਿਆ ਗਿਆ

ਅੰਮ੍ਰਿਤਸਰ, 5 ਜਨਵਰੀ (ਮੋਤਾ ਸਿੰਘ)-ਭਾਰਤ-ਪਾਕਿ ਸਰਹੱਦ ਰਾਜਤਾਲ ਲਾਗੇ ਪਾਕਿਸਤਾਨੀ ਸਮਗਲਰਾਂ ਤੇ ਬੀ.ਐੱਸ.ਐੱਫ. ਵਿੱਚ ਹੋਏ ਮੁਕਾਬਲੇ ਵਿੱਚ ਇੱਕ ਪਾਕਿਸਤਾਨੀ ਸਮਗਲਰ ਮਾਰਿਆ ਗਿਆ। ਉਸ ਪਾਸੋਂ ਸਾਢੇ 5 ਕਿੱਲੋ ਹੈਰੋਇਨ, 20 ਲੱਖ ਦੀ ਜਾਲ੍ਹੀ ਕਰੰਸੀ, ਇੱਕ ਚੀਨੀ ਮਾਡਲ ਪਿਸਤੌਲ, 7 ਜ਼ਿੰਦਾ ਗੋਲੀਆਂ ਬਰਾਮਦ ਹੋਈਆਂ ਹਨ। ਬੀਤੀ ਰਾਤ ਭਾਰਤ ਪਾਕਿ ਸਰਹੱਦ 'ਤੇ ਪੈਂਦੇ ਪਿੰਡ ਰਾਜਤਾਲ ਵਿਖੇ ਪਾਕਿਸਤਾਨੀ ਸਮਗਲਰਾਂ ਤੇ ਬੀ.ਐੱਸ.ਐੱਫ. ਦੇ ਜਵਾਨਾਂ ਵਿੱਚ ਮੁਕਾਬਲਾ ਹੋਇਆ, ਜਿਸ ਵਿੱਚ ਇੱਕ ਪਾਕਿਸਤਾਨੀ ਸਮਗਲਰ ਮੁਕਾਬਲੇ ਵਿੱਚ ਮਾਰਿਆ ਗਿਆ।

## ਸੈਮਸੰਗ ਸ਼ੋਅਰੂਮ 'ਚ 25 ਲੱਖ ਦੀ ਚੋਰੀ

ਜਲੰਧਰ 5 ਜਨਵਰੀ (ਅ.ਬ.)-ਇਸ ਪਾਸੇ ਤਾਂ ਕੋਹਰੇ ਨੇ ਲੋਕਾਂ ਦਾ ਦਮ ਕੱਢਿਆ ਹੋਇਆ ਹੈ ਤੇ ਉੱਧਰ ਦੂਸਰੇ ਪਾਸੇ ਚੋਰਾਂ ਵਾਰੇ ਨਿਆਰੇ ਹੋ ਰਹੇ ਹਨ। ਪੁਲਿਸ ਦੀ ਪਰਵਾਹ ਨਾ ਕਰਦੇ ਹੋਏ ਵੱਡੀਆਂ ਚੋਰੀਆਂ ਨੂੰ ਅਜ਼ਾਮ ਦੇ ਰਹੇ ਹਨ। ਹਰ ਆਉਣ ਵਾਲੀ ਰਾਤ ਨੂੰ ਇਹ ਨਵਾਂ ਇਤਿਹਾਸ ਰਚ ਜਾਂਦੇ ਹਨ। ਹੁਣ ਸੋਮਵਾਰ ਦੀ ਹੀ ਗੱਲ ਲੈ ਲਓ ਦੇਰ ਰਾਤ ਚੋਰਾਂ ਨੇ ਸਥਾਨਕ ਨਾਮਦੇਵ ਚੌਕ ਦੇ ਨਜ਼ਦੀਕ ਰਤਨ ਟਾਵਰ 'ਚ ਸੈਮਸੰਗ ਦੇ ਸ਼ੋਅਰੂਮ ਦੇ ਜ਼ਿੰਦਰੇ ਤੋੜ ਕੇ 25 ਲੱਖ ਦੀ ਚੋਰੀ 'ਤੇ ਹੱਥ ਫੇਰ ਦਿੱਤਾ। ਜਿਸ ਵਿੱਚ ਐਲ. ਸੀ. ਡੀ., ਐਲ. ਈ. ਡੀ., ਲੈਪਟੋਪ ਅਤੇ ਡਿਜ਼ੀਟਲ ਕੈਮਰੇ ਚੋਰੀ ਕਰ ਲਈ। ਜਾਣਕਾਰੀ ਹੈ ਕਿ ਚੋਰਾਂ ਨੇ ਐਤਵਾਰ ਦੀ ਰਾਤ ਸੈਨੀ ਕਾਲੋਨੀ 'ਚ ਸੈਨੀਟੇਸ਼ਲਲਦੀ ਇੱਕ ਫੈਕਟਰੀ 'ਚ 15 ਲੱਖ ਰੁਪਏ ਦਾ ਸਾਮਾਨ ਚੋਰੀ ਕੀਤਾ ਸੀ, ਪਰ ਹਾਲੇ ਤੱਕ ਇਸ ਚੋਰੀ ਦੀ ਕੋਈ ਤਫ਼ਤੀਸ਼ ਨਹੀਂ ਹੋ ਸਕੀ। ਹੈਰਾਨੀ ਦੀ ਗੱਲ ਇਹ ਹੈਕਿ ਘਟਨਾਸਥਾਨ ਤੋਂ ਥੋੜੀ ਦੂਰ ਹੀ ਪ੍ਰਸ਼ਾਸ਼ਨਿਕ ਅਧਿਕਾਰੀਆਂ ਦਾ ਨਿਵਾਸ ਸਥਾਨ ਹੈ। ਅਤੇ ਇੱਥੇ ਭਾਰੀ ਸਕਿਊਰਟੀ ਤਾਇਨਾਤ ਰਹਿੰਦੀ ਹੈ। ਸ਼ਹੀਦ ਊਧਮ ਸਿੰਘ ਨਗਰ ਦੇ ਰਹਿਣ ਵਾਲੇ ਦਰਸ਼ਨ ਲਾਲ ਖੁਰਾਨਾ ਨੇ ਦੱਸਿਆ ਕਿ ਉਸ ਦੇ ਲੜਕੇ ਡਾਕਟਰ ਮਨੀਸ਼ ਖੁਰਾਣਾ ਦਾ ਨਾਮਦੇਵ ਚੌਂਥ 'ਚ ਰਤਨ ਟਾਵਰ 'ਚ ਸੈਮਸੰਗ ਦਾ ਸ਼ੋਅਰੂਮ ਹੈ। ਬੀਤੀ ਰਾਤ ਅਣਪਛਾਤੇ ਚੋਰਾਂ ਨੇ ਤਾਲੇ ਤੋੜ ਕੇ 30 ਐਲ. ਸੀ. ਡੀ., 10 ਲੈਪਟਾਪ, 5 ਐਲ. ਈ. ਡੀ., 3 ਹੋਮ ਥੀਏਟਰ, 15 ਡਿਜ਼ੀਟਲ ਕੈਮਰਿਆਂ 'ਤੇ ਹੱਥ ਸਾਫ਼ ਕਰ ਲਿਆ। ਦਰਸ਼ਨ ਲਾਲ ਦੇ ਅਨੁਸਾਰ ਚੋਰ ਉਨ੍ਹਾਂ ਦੀ ਦੁਕਾਨ 'ਚੋਂ ਕੁੱਲ 25 ਲੱਖ ਰੁਪਏ ਦਾ ਸਮਾਨ ਲੈ ਗਏ ਹਨ।

## ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਬੀ. ਡੀ. ਪੀ. ਓ. ਦਫ਼ਤਰ ਅੱਗੇ ਰੋਸ ਧਰਨਾ

ਮਹਿਲ ਕਲਾਂ, 5 ਜਨਵਰੀ (ਪ੍ਰੇਮ ਕੁਮਾਰ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦਾ ਸਾਂਝਾ ਮੋਰਚਾ ਵੱਲੋਂ ਅੱਜ ਸਥਾਨਕ ਬੀ.ਡੀ.ਪੀ.ਓ . ਦਫਤਰ ਦੇ ਅੱਗੇ ਮਜਦੂਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਰੋਸ ਧਰਨਾ ਦਿੱਤਾ ਗਿਆ। ਜਿਸ ਦੀ ਅਗਵਾਈ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਕਰਨੈਲ ਸਿੰਘ ਕੁਰੜ, ਪੰਜਾਬ ਦਿਹਾਤੀ ਮਜਦੂਰ ਸਭਾ ਦੇ ਰੂਪ ਸਿੰਘ ਸਹਿਜੜਾ, ਮੁਕਤੀ ਮੋਰਚਾ ਦੇ ਇੰਦਰ ਸਿੰਘ ਸਹਿਜੜਾ ਤੇ ਦਿਹਾਤੀ ਮਜਦੂਰ ਮੋਰਚਾ ਦੇ ਬੁੱਧ ਸਿੰਘ ਛੀਨੀਵਾਲ ਨੇ ਕੀਤੀ। ਇਸ ਮੌਕੇ ਜਥੇਬੰਦੀ ਦੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਗ਼ਰੀਬਾਂ ਤੇ ਬੇਜ਼ਮੀਨੇ ਲੋਕਾਂ ਵਾਸਤੇ ਘਰਾਂ ਲਈ 10 ਮਰਲੇ ਪਲਾਟ, ਮਕਾਨ ਬਣਾਉਣ ਲਈ 1 ਲੱਖ ਰੁਪਏ, ਰੂੜੀਆਂ ਸੁੱਟਣ ਲਈ ਜਗ੍ਹਾ, ਲੈਟਰੀਨਾਂ ਬਣਾਉਣ ਲਈ 15000 ਰੁਪਏ ਅਤੇ ਕੁਦਰਤੀ ਆਫਤਾਂ ਲਈ ਗ੍ਰਾਂਟ ਦੇਣੀ ਚਾਹੀਦੀ ਹੈ ਤੇ ਗ਼ਰੀਬਾਂ ਲਈ ਪਿੰਡਾਂ ਦੇ ਸਰਕਾਰੀ ਡਿਪੂਆਂ 'ਤੇ ਆਟਾ, ਦਾਲ ਤੋਂ ਇਲਾਵਾ ਨਿੱਤ ਦੀ ਵਰਤੋ ਦਾ ਸਮਾਨ ਭੇਜਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਗ਼ਰੀਬਾਂ ਦਾ ਮੁਫ਼ਤ ਇਲਾਜ ਹੋਣਾ ਚਾਹੀਦਾ ਹੈ ਅਤੇ ਗ਼ਰੀਬਾਂ ਦਾ ਬੀਮਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗ਼ਰੀਬਾਂ ਤੇ ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਹੋਣੇ ਚਾਹੀਦੇ ਹਨ ਤੇ ਆਤਮ ਹੱਤਿਆ ਕਰਨ ਵਾਲੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ ਅਤੇ ਗ਼ਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਤੇ ਸ਼ਗਨ ਸਕੀਮ ਦੇ ਪੈਸੇ ਤੁਰੰਤ ਮਿਲਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਗ਼ਰੀਬਾਂ ਦੇ ਬੱਚਿਆਂ ਨੂੰ ਮੁਫ਼ਤ ਵਿਦਿਆ ਤੇ ਚੰਗੀ ਸਿਖਿਆ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਗ਼ਰੀਬ ਮਜ਼ਦੂਰਾਂ ਨੂੰ ਬੀ.ਪੀ.ਐਲ. ਸਕੀਮ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਦਿਹਾਤੀ ਮਜਦੂਰ ਮੋਰਚਾ ਦੇ ਜ਼ਿਲ੍ਹਾ ਜਨਰਲ ਸਕੱਤਰ ਭੋਲਾ ਸਿੰਘ ਕਲਾਲ ਮਜਾਰਾ,ਸ਼ੇਰ ਸਿੰਘ ਫਰਵਾਹੀ, ਸੁਰਜੀਤ ਸਿੰਘ ਗੁਰਮ, ਖੇਤ ਮਜਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਖੁਸ਼ੀਆ ਸਿੰਘ ਤੇ ਅਵਤਾਰ ਸਿੰਘ ਬੱਬੀ, ਗੁਰਦੇਵ ਸਿੰਘ ਸਹਿਜੜਾ, ਸੁਰਜੀਤ ਸਿੰਘ ਦਿਹੜ, ਜੀਤ ਸਿੰਘ ਪੱਖੋਂ, ਗੁਰਪ੍ਰੀਤ ਸਿੰਘ ਤੇ ਮੋਹਣ ਸਿੰਘ ਰੂੜਕੇ ਆਦਿ ਹਾਜ਼ਰ ਸਨ। ਇਸ ਮੌਕੇ ਪਿੰਡ ਬਾਹਮਣੀਆਂ ਦੀ ਸਰਪੰਚ ਹਰਪਾਲ ਕੌਰ ਤੇ ਗੁਰਵਿੰਦਰ ਸਿੰਘ ਦੀ ਅਗਵਾਈ ਵਿੱਚ ਨਰੇਗਾ ਸਕੀਮ ਅਧੀਨ ਕੰਮ ਕਰ ਰਹੀਆਂ ਦਰਜਨਾਂ ਦੇ ਕਰੀਬ ਔਰਤਾਂ ਨੇ ਪੰਚ ਦੇ ਖਿਲਾਫ਼ ਬੀ.ਡੀ.ਪੀ.ਓ. ਜਸਵੰਤ ਸਿੰਘ ਵੜੈਚ ਨੂੰ ਮੰਗ ਪੱਤਰ ਦਿੱਤਾ ਗਿਆ।

## ਟਰੈਫਿਕ ਪੁਲਿਸ ਨੇ ਵਹੀਕਲਾਂ ਦੇ ਲਗਾਏ ਰਿਫਲੈਕਟਰ

ਮਾਨਸਾ, 5 ਜਨਵਰੀ (ਪ.ਪ.)- 21ਵਾਂ ਸੜਕ ਸੁਰੱਖਿਆ ਸਪਤਾਹ ਜੋ ਕਿ ਮਿਤੀ 1.1.2010 ਤੋਂ ਮਿਤੀ 7.1.2010 ਤੱਕ ਪੂਰੇ ਦੇਸ਼ ਭਰ ਵਿੱਚ ਮਨਾਇਆ ਜਾ ਰਿਹਾ ਹੈ ਤੇ ਪੰਜਵੇਂ ਦਿਨ ਟਰੈਫਿਕ ਪੁਲਿਸ ਮਾਨਸਾ ਵੱਲੋਂ ਸ੍ਰੀ ਹਰਦਿਆਲ ਸਿੰਘ ਮਾਨ ਸੀਨੀਅਰ ਕਪਤਾਨ ਪੁਲਿਸ ਮਾਨਸਾ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਜਸਪਾਲ ਸਿੰਘ ਉਪ ਕਪਤਾਨ ਪੁਲਿਸ (ਸ) ਮਾਨਸਾ ਦੀ ਨਿਗਰਾਨੀ ਹੇਠ ਸਹਾਰਾ ਸ਼ਿਵ ਭੋਲੇ ਬਲੱਡ ਕਲੱਬ ਮਾਨਸਾ ਦੇ ਸਹਿਯੋਗ ਨਾਲ ਵਹੀਕਲਾਂ 'ਤੇ ਰਿਫਲੈਕਟਰ ਲਗਾਏ ਗਏ ਤਾਂ ਜੋ ਧੁੰਦ ਅਤੇ ਹਨੇਰੇ ਤੋਂ ਹੋਣ ਵਾਲੇ ਐਕਸੀਡੈਂਟ ਹੋਣ ਤਾਂ ਖਤਰਾ ਕਾਫੀ ਹੱਦ ਤੱਕ ਘੱਟ ਜਾਵੇਗਾ। ਸਿਟੀ ਟਰੈਫਿਕ ਪੁਲਿਸ ਮਾਨਸਾ ਦੇ ਕਰਮਚਾਰੀ ਪਰਮਜੀਤ ਸਿੰਘ ਅਤੇ ਸੁਰਿੰਦਰਪਾਲ ਸਿੰਘ ਨੇ ਜੈ ਬਜਰੰਗ ਬਲੀ ਟੈਕਸੀ ਯੂਨੀਅਨ ਅਤੇ ਸ਼ਹੀਦ ਭਗਤ ਸਿੰਘ ਟੈਕਸੀ ਯੂਨੀਅਨ ਤੇ ਪਿੱਕ-ਅਪ ਟੈਕਸੀ ਸਟੈਂਡ ਅਤੇ ਦਸਮੇਸ਼ ਟਰੈਕਟਰ-ਟਰਾਲੀ ਯੂਨੀਅਨ ਟਰੈਫਿਕ ਸਬੰਧੀ ਰਿਫਲੈਕਟਰ ਦੀ ਇਕ-ਇਕ ਕਾਪੀ ਦਿੱਤੀ ਗਈ। ਡਰਾਇਵਰੀ ਕਰਦੇ ਸਮੇਂ ਚੌਂਕ ਵਿੱਚ ਓਵਰਟੇਕ ਨਾ ਕਰੋ, ਨਾ ਹੀ ਨੀਦਰ ਦੀ ਹਾਲਤ ਵਿੱਚ ਤੇ ਨਸ਼ੇ ਦੀ ਹਾਲਤ ਵਿੱਚ ਗੱਡੀ ਨਾ ਚਲਾਓ। ਸੀਟ ਬੈਲਟ ਦਾ ਇਸਤੇਮਾਲ ਜ਼ਰੂਰ ਕਰੋ। 18 ਸਾਲ ਦੀ ਉਮਰ ਤੋਂ ਘੱਟ ਡਰਾਇਵਰੀ ਨਾ ਕਰੋ। ਗੱਡੀ ਦੀਆਂ ਅੱਧੀਆਂ ਲਾਈਟਾਂ ਕਾਲੀਆਂ ਹੋਣੀਆਂ ਜ਼ਰੂਰੀ ਹਨ। ਐਸ.ਆਈ.ਪ੍ਰਿਤਪਾਲ ਸਿੰਘ ਇੰਚਾਰਜ ਸਿਟੀ ਟਰੈਫਿਕ ਪੁਲਿਸ ਮਾਨਸਾ ਨੇ ਦੱਸਿਆ ਕਿ ਵਹੀਕਲਾਂ ਉਪਰ ਰਿਫਲੈਕਟਰ ਲਗਾਉਣ ਦੀ ਮੁਹਿੰਮ ਜਾਰੀ ਰੱਖੀ ਜਾਵੇਗੀ।

## ਅੱਖਾਂ ਦੀ ਜਾਂਚ ਤੇ ਟਰੈਫਿਕ ਨਿਯਮਾਂ ਦੀ ਜਾਣਕਾਰੀ ਲਈ ਕੈਂਪ ਦਾ ਆਯੋਜਨ

ਫਤਿਹਗੜ੍ਹ ਸਾਹਿਬ, 5 ਜਨਵਰੀ (ਪਰਦੀਪ ਸਿੰਘ) : 21 ਵੇਂ ਸੜਕ ਸੁਰੱਖਿਆ ਸਪਤਾਹ ਦੌਰਾਨ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਅਤੇ ਜ਼ਿਲ੍ਹਾ ਟਰੈਫ਼ਿਕ ਪੁਲਿਸ ਵੱਲੋਂ ਵੱਖ ਵੱਖ ਸਵੈ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ 1 ਜਨਵਰੀ ਤੋਂ 7 ਜਨਵਰੀ ਤੱਕ ਵਾਹਨ ਚਾਲਕਾਂ ਨੂੰ ਟਰੈਫ਼ਿਕ ਨਿਯਮਾਂ ਤੋਂ ਜਾਗਰੂਕ ਕਰਨ ਲਈ ਵੱਖ ਵੱਖ ਪ੍ਰੋਗਰਾਮ ਉਲੀਕੇ ਗਏ ਹਨ । ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟਰਾਂਸਪੋਰਟ ਅਫਸਰ ਸ੍ਰ: ਅਮਰਜੀਤ ਸਿੰਘ ਸਾਹੀ ਨੇ ਦੱਸਿਆ ਕਿ ਇਸ ਚੇਤਨਾ ਮੁਹਿੰਮ ਦੌਰਾਨ ਟਰੱਕ ਯੂਨੀਅਨ ਸਰਹਿੰਦ ਵਿਖੇ ਸਿਹਤ ਵਿਭਾਗ, ਟਰੱਕ ਯੂਨੀਅਨ ਅਤੇ ਲਾਇਨਜ਼ ਕਲੱਬ ਦੇ ਸਹਿਯੋਗ ਨਾਲ ਅੱਖਾਂ ਦਾ ਮੁਫਤ ਚੈਕਅੱਪ ਕਰਨ ਅਤੇ ਟਰੈਫ਼ਿਕ ਨਿਯਮਾਂ ਸਬੰਧੀ ਜਾਣਕਾਰੀ ਦੇਣ ਲਈ ਕੈਂਪ ਦਾ ਆਯੋਜਨ ਕੀਤਾ ਗਿਆ । ਇਸੇ ਤਰ੍ਹਾਂ ਟਰੱਕ ਯੂਨੀਅਨ ਅਮਲੋਹ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਅਮਲੋਹ, ਟਰੱਕ ਯੂਨੀਅਨ ਅਮਲੋਹ ਅਤੇ ਲਾਇਨਜ਼ ਕਲੱਬ ਮੰਡੀ ਗੋਬਿੰਦਗੜ੍ਹ ਦੇ ਸਹਿਯੋਗ ਨਾਲ ਅੱਖਾਂ ਦੇ ਮੁਫਤ ਚੈਕਅੱਪ ਕੈਂਪ ਅਤੇ ਟਰੈਫ਼ਿਕ ਨਿਯਮਾਂ ਸਬੰਧੀ ਜਾਣਕਾਰੀ ਦੇਣ ਲਈ ਕੈਂਪ ਦਾ ਆਯੋਜਨ ਕੀਤਾ ਗਿਆ । ਅਜਿਹਾ ਹੀ ਇਕ ਕੈਂਪ ਟਰੱਕ ਯੂਨੀਅਨ ਖਮਾਣੋਂ ਵਿਖੇ ਵੀ ਆਯੋਜਤ ਕੀਤਾ ਗਿਆ । ਸ੍ਰ: ਸਾਹੀ ਨੇ ਦੱਸਿਆ ਕਿ ਜੀ.ਟੀ.ਰੋਡ ਸਰਹਿੰਦ ਵਿਖੇ ਵਿਸੇਚੈਕਿੰਗ ਮੁਹਿੰਮ ਦੌਰਾਨ ਬਿਨਾ ਹੈਲਮਟ ਅਤੇ ਸੀਟ ਬੈਲਟ ਤੋਂ ਵਾਹਨ ਨਾ ਚਲਾਉਣ , ਓਵਰ ਲੋਡਿੰਗ, ਪਰੇਸ਼ਰ ਹਾਰਨ, ਟੇਪ ਰਿਕਾਡਰ, ਮੋਬਾਇਲ ਫੋਨ ਅਤੇ ਸਿਗਰਟ ਨੋਸ਼ੀ ਵਾਹਨ ਚਲਾਉਣ ਸਮੇਂ ਨਾ ਕਰਨ ਬਾਰੇ ਵਾਹਨ ਚਾਲਕਾਂ ਨੂੰ ਜਾਗਰੂਕ ਕੀਤਾ ਗਿਆ ਕਿਉਂਕਿ ਅਜਿਹਾ ਕਰਨਾ ਜਿਥੇ ਕਾਨੂੰਨੀ ਅਪਰਾਧ ਹੈ ,ਉਥੇ ਇਹ ਦੁਰਘਟਨਾ ਦਾ ਕਾਰਨ ਵੀ ਬਣ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਮੁਫਤ ਪ੍ਰਦਸ਼ਣ ਚੈਕਅੱਪ ਕੈਂਪ ਅਤੇ ਗੰਨਾ ਢੋਹਣ ਵਾਲੀਆਂ ਟਰੈਕਟਰ ਟਰਾਲੀਆਂ ਦੇ ਪਿਛੇ ਰਿਫਲੈਕਟਰ ਲਗਾਉਣ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਨੂੰ ਟਰੈਫ਼ਿਕ ਨਿਯਮਾਂ ਤੋਂ ਜਾਣੂ ਕਰਵਾਉਣ ਲਈ ਬਲਾਕ ਪੱਧਰ ਦੇ ਪੈਂਟਿੰਗ ਅਤੇ ਸਲੋਗਨ ਲਿਖਣ ਦੇ ਮੁਕਾਬਲੇ 6 ਜਨਵਰੀ ਨੂੰ ਬਾਬਾ ਜੋਰਾਵਰ ਸਿੰਘ , ਬਾਬਾ ਫਤਿਹ ਸਿੰਘ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਕਰਵਾਏ ਜਾਣਗੇ । ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਨੇ ਦੱਸਿਆ ਕਿ 7 ਜਨਵਰੀ ਨੂੰ ਸਵੇਰੇ 11.00 ਵਜੇ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰ ਦਾ ਟਰੈਫ਼ਿਕ ਨਿਯਮਾਂ ਸਬੰਧੀ ਇਕ ਚੇਤਨਾ ਸੈਮੀਨਾਰ ਦਾ ਆਯੋਜਨ ਕੀਤਾ ਜਾਵੇਗਾ । ਜਿਸ ਦੇ ਮੁੱਖ ਮਹਿਮਾਨ ਸ੍ਰੀ ਯਸ਼ਵੀਰ ਮਹਾਜਨ ਡਿਪਟੀ ਕਮਿਸ਼ਨਰ ਹੋਣਗੇ ਅਤੇ ਜ਼ਿਲ੍ਹਾ ਪੁਲਿਸ ਮੁਖੀ ਡਾ ਕੌਸਤੁਭ ਸ਼ਰਮਾਂ ਇਸ ਸੈਮੀਨਾਰ ਦੀ ਪ੍ਰਧਾਨਗੀ ਕਰਨਗੇ । ਉਨ੍ਹਾਂ ਦੱਸਿਆ ਕਿ ਪੈਂਟਿੰਗ ਅਤੇ ਸਲੋਗਨ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਜਾਣਗੇ ।

## ਕਲਾਸੀਫਾਈਡ

### CHANGE OF NAME

I, Jatinder Singh S/o Tarsem Lal R/o V.P.O. Fatehgarh Panjtoor (Moga) have Changed my name to Jatinder Singh Shinji.

I, Kamla Devi W/o Adwin Sahota R/o V.P.O. Adraman, Teh. Nakodar, Distt. Jalandhar have Changed my name from Kamla Devi to Zenith Sahota Alias Kamla Devi after my marriage. All Concerned Please Note.

I, Gurpreet Singh S/o Karnail Singh R/o Vill. Jajja Kalan, P.O. Bir Bansian, Teh. Phillaur, Distt. Jalandhar, Pb, India have Changed my name from Gurpreet Singh to Gurpreet Singh Sandhu.

I, Sukhdial S/o Pakhar Ram R/o St. No. 5&7, Mohalla Prempura, Phagwara, Distt. Kapurthala have Changed my name as Sukhdial Kailey. All Concerned Please Note.

### DISINHERIT NOTICE

I, Rakesh Kumar S/o Sammi Dass R/o Harijan Pura, Qadian, Distt. Gurdaspur, do hereby Solemnly affirm and declare as under:- That my daughter namely Sunita is living with her husband namely Manvinder S/o Brij Bhushan and after her marriage. I have no relationship with my daughter and so called son-in-law in any manner and I have disinherited them from my moveable and immovable property and I have no links whatsoever with them in future, because they create problems for me and harass me, moreover I will not be responsible for any of their illegal act and Conduct.

### ਨਾਮ ਦੀ ਬਦਲੀ

ਮੈਂ ਚਰਨ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਪਿੰਡ ਘਲੋਟੀ, ਤਹਿ. ਪਾਇਲ, ਜ਼ਿਲ੍ਹਾ ਲੁਧਿਆਣਾ ਨੂੰ ਚਰਨ ਸਿੰਘ ਉਰਫ਼ ਗੁਰਚਰਨ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਮੈਂ ਪੂਰਨ ਸਿੰਘ ਪੁੱਤਰ ਸ. ਸੁਰਿੰਦਰ ਸਿੰਘ ਕੌਮ ਜੱਟ ਵਾਸੀ ਪਿੰਡ ਜਾਣੀਆਂ, ਡਾਕਖਾਨਾ ਬੁੰਡਾਲਾ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਮ ਬਦਲ ਕੇ ਪੂਰਨ ਸਿੰਘ ਵਿਰਕ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਹਰਜਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਕੋਟ ਕਰੋੜ ਖੁਰਦ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਹਰਜਿੰਦਰ ਸਿੰਘ ਖੋਸਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਨਰਿੰਦਰ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਪਿੰਡ ਮੋਠਾ ਵਾਲਾ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਨਰਿੰਦਰ ਸਿੰਘ ਕਪੂਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਦੇਸ ਰਾਜ ਸਪੁੱਤਰ ਸ੍ਰੀ ਮਿਲਖ ਰਾਜ ਅਬੋਹਰ ਰੋਡ ਵਾਸੀ ਮੁਕਤਸਰ ਆਪਣੇ ਲੜਕੇ ਪ੍ਰਿੰਸ ਕੁਮਾਰ ਅਤੇ ਨੂੰਹ ਮੰਜੂ ਬਾਲਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ ਬੰਤਾ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਸੰਧੂ ਖੁਰਦ, ਤਹਿ. ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਦਾ ਵਸਨੀਕ ਹਾਂ। ਹੁਣ ਮੇਰਾ ਪੁੱਤਰ ਸੇਵਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਮੈਂ ਸੇਵਕ ਸਿੰਘ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਉਸ ਨਾਲ ਲੈਣ-ਦੇਣ ਕਰੇਗਾ ਉਹ ਖੁਦ ਜ਼ੁੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਸਵਰਨ ਸਿੰਘ ਪੁੱਤਰ ਸ. ਤਰਲੋਕ ਸਿੰਘ ਵਾਸੀ ਡਬਲਯੂ.ਏ. 80, ਬਜ਼ਾਰ ਸ਼ੇਖਾਂ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਦੀਆਂ ਗਲਤ ਹਰਕਤਾਂ ਤੋਂ ਤੰਗ ਆ ਗਿਆ ਹਾਂ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਅਤੇ ਚੰਗੇ-ਮਾੜੇ ਕੰਮ ਦਾ ਖੁਦ ਜ਼ੁੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।



ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਗੁਰੂ ਹਰਕ੍ਰਿਸ਼ਨ ਨਗਰ ਦੇ ਮੁੱਖ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਪ੍ਰਧਾਨ ਅਜੀਤ ਸਿੰਘ, ਸਤਪਾਲ ਸਿੰਘ, ਗੁਰਬਚਨ ਸਿੰਘ, ਮਨਜੀਤ ਸਿੰਘ, ਮਲਕੀਤ ਸਿੰਘ, ਚੰਨਣ ਸਿੰਘ, ਭਗਤ ਸਿੰਘ, ਪਰਮਿੰਦਰ ਸਿੰਘ, ਸੁਰਜੀਤ ਸਿੰਘ ਹਰਜੀ ਦੇ ਅਗਵਾਈ ਹੇਠ ਭਾਈ ਹਰਭਜਨ ਸਿੰਘ ਦਾ ਰਾਗੀ ਜੱਥਾ ਕੀਰਤਨ ਕਰਦਾ ਹੋਇਆ। ਫੋਟੋ-ਕੁਲਦੀਪ ਸਿੰਘ

ਕੰਪਨੀ ਲਾਅ ਬੋਰਡ ਦੇ ਕੋਲ
ਕੰਪਨੀਜ਼ ਐਕਟ, 1956 ਸੈਕਸ਼ਨ 17 (2) ਦੇ ਸਬੰਧ 'ਚ ਅਤੇ
ਜੈ ਮੈਟੇਲੀਓਜ਼ ਇੰਟਰਪ੍ਰਾਈਜਜ਼ ਪ੍ਰਾਈਵੇਟ ਲਿਮਟਿਡ ਜਿਨ੍ਹਾਂ ਦਾ ਰਜਿਸਟਰਡ ਦਫ਼ਤਰ
ਮਾਡਲ ਟਾਊਨ ਰੋਡ, ਨੇੜੇ ਇਨਕਮ ਟੈਕਸ ਦਫਤਰ ਜਲੰਧਰ ਪੰਜਾਬ 144003 ਦੇ ਸਬੰਧ 'ਚ
ਅਤੇ ਜੈ ਮੈਟੇਲੀਓਜ਼ ਇੰਟਰਪ੍ਰਾਈਜਜ਼ ਪ੍ਰਾਈਵੇਟ ਲਿਮਟਿਡ.....
...ਪਟੀਸ਼ਨਰ ਕਰਤਾ

### ਨੋਟਿਸ

ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਮਾਣਯੋਗ ਕੰਪਨੀ ਲਾਅ ਬੋਰਡ, ਪੰਜਵੀਂ ਮੰਜ਼ਿਲ, ਏ ਵਿੰਗ, ਸ਼ਾਸਤਰੀ ਭਵਨ, ਡਾ. ਰਾਜਿੰਦਰਾ ਪ੍ਰਸ਼ਾਦ ਰੋਡ, ਨਵੀਂ ਦਿੱਲੀ 11001 ਦੇ ਕੋਲ ਕੰਪਨੀਜ਼ ਐਕਟ 1956 ਦੇ ਸ਼ੈਕਸ਼ਨ 17 (2) ਦੇ ਤਹਿਤ ਇਕ ਪਟੀਸ਼ਨ, ਪਟੀਸ਼ਨ ਕਰਤਾ ਕੰਪਨੀ ਵੱਲੋਂ ਦਾਇਰ ਕੀਤੀ ਗਈ ਹੈ ਕਿ ਪਟੀਸ਼ਨਰ ਕੰਪਨੀ ਆਪਣੇ ਮੈਮੋਰੰਡਮ ਆਫ ਐਸੋਸੀਏਸ਼ਨ ਦੇ ਰਾਹੀਂ ਕਲਾਜ-2 ਦੇ ਤਹਿਤ ਆਪਣੀ ਵਿਸ਼ੇਸ਼ ਜਨਰਲ ਮੀਟਿੰਗ ਜੋ 12 ਨਵੰਬਰ 2009 ਨੂੰ ਹੋਈ ਸੀ, 'ਚ ਪਾਸ ਕੀਤੇ ਵਿਸ਼ੇਸ਼ ਮਤੇ ਦੇ ਤਹਿਤ ਕੰਪਨੀ ਨੂੰ ਆਪਣਾ ਰਜਿਸਟਰਡ ਦਫ਼ਤਰ ਪੰਜਾਬ ਪ੍ਰਦੇਸ਼ ਵਾਲੇ ਪਤੇ ਤੋਂ ਬਦਲ ਕੇ ਕੌਮੀ ਰਾਜਧਾਨੀ ਕੇਂਦਰੀ ਪ੍ਰਸਾਸ਼ਤ ਦਿੱਲੀ ਵਿਖੇ ਤਬਦੀਲ ਕਰਨ ਦੀ ਮਨਜ਼ੂਰੀ ਦਿੱਤੀ ਜਾਵੇ।

ਕੋਈ ਵੀ ਵਿਅਕਤੀ ਜਿਸ ਦੇ ਹਿੱਤ ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ ਵਿੱਚ ਉਕਤ ਤਬਦੀਲੀ ਨਾਲ ਪ੍ਰਭਾਵਿਤ ਹੁੰਦੇ ਹੋਣ ਉਹ ਆਪਣਾ ਇਤਰਾਜ਼ ਪਟੀਸ਼ਨਰ ਕੰਪਨੀ ਕੋਲ ਇਸ ਇਸ਼ਤਿਹਾਰ ਦੇ ਛਪਣ ਤੋਂ ਬਾਅਦ 21 ਦਿਨਾਂ ਵਿੱਚ ਬੈਂਚ ਅਫਸਰ ਕੰਪਨੀ ਲਾਅ ਬੋਰਡ ਨਾਰਦਨ ਰਿਜਨ ਸ਼ਾਸਤਰੀ ਭਵਨ, 5ਵੀਂ ਮੰਜ਼ਿਲ, ਨਵੀਂ ਦਿੱਲੀ ਕੋਲ ਆਪਣਾ ਇਤਰਾਜ਼ ਦਾਖਲ ਕਰ ਸਕਦਾ ਹੈ ਜਿਸ 'ਚ ਇਤਰਾਜ ਦੀ ਕਿਸਮ ਅਤੇ ਇਤਰਾਜ਼ ਕਰਨ ਦੇ ਕਾਰਨ ਦਰਸਾਏ ਗਏ ਹੋਣ।

ਬਾਈਆਰਡਰ ਆਫ਼ ਬੋਰਡ ਆਫ ਡਾਇਰੈਕਟਰ:
ਵਾਸਤੇ-ਜੈ ਮੈਟੇਲੀਓਜ਼ ਇੰਟਰਪ੍ਰਾਈਜਜ਼ ਪ੍ਰਾਈਵੇਟ ਲਿਮਟਿਡ
(ਡਾਇਰੈਕਟਰ)

ਸਥਾਨ: ਜਲੰਧਰ
ਮਿਤੀ: 6.1.2010